# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**19:30**

**ਮਿਤੀ :13-09-2026**

***<u>ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ</u>***

- 18ਵਾਂ ਬ੍ਰਿਕਸ ਸਿਖਰ ਸੰਮੇਲਨ ਅੱਜ ਨਵੀਂ ਦਿੱਲੀ ਵਿੱਚ ਖਤਮ ਹੋ ਗਿਆ ਏ। ਆਪਣੇ ਸਮਾਪਤੀ ਭਾਸ਼ਣ ਵਿੱਚ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ, ਬ੍ਰਿਕਸ ਸਿਰਫ਼ ਦੇਸ਼ਾਂ ਦਾ ਇੱਕ ਸਮੂਹ ਨਹੀਂ, ਸਗੋਂ ਸਮੱਸਿਆਵਾਂ ਹੱਲ ਕਰਨ ਦਾ ਇੱਕ ਮੰਚ ਏ।

- ਸ਼੍ਰੀ ਮੋਦੀ ਨੇ ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ, ਬ੍ਰਿਕਸ ਸਿਖਰ ਸੰਮੇਲਨ ਦੌਰਾਨ, ਕਈ ਵਿਸ਼ਵ ਨੇਤਾਵਾਂ ਨਾਲ ਦੁਵੱਲੀਆਂ ਮੀਟਿੰਗਾਂ ਕੀਤੀਆਂ।

- ਵਿਦੇਸ਼ ਮੰਤਰਾਲੇ ਨੇ ਕਿਹਾ ਏ ਕਿ ਬ੍ਰਿਕਸ ਸਿਖਰ ਸੰਮੇਲਨ ਵਿੱਚ, ਕਈ ਠੋਸ ਅਤੇ ਵਿਕਾਸ-ਮੁਖੀ ਨਤੀਜੇ ਨਿਕਲੇ ਨੇ।

- ਹਾਕੀ ਵਿੱਚ, ਭਾਰਤ ਦੀਆਂ ਪੁਰਸ਼ ਅਤੇ ਮਹਿਲਾ ਟੀਮਾਂ ਨੇ ਅੱਜ ਚੀਨ ਦੇ ਮੋਕੀ ਵਿੱਚ, ਜੂਨੀਅਰ ਏਸ਼ੀਆ ਕੱਪ ਦੇ ਖਿਤਾਬ ਜਿੱਤ ਲਏ ਨੇ।

- ਔਰਤਾਂ ਦੇ Twenty-twenty ਏਸ਼ੀਆ ਕੱਪ ਕ੍ਰਿਕੇਟ ਦੇ ਫਾਈਨਲ ਵਿੱਚ, ਅੱਜ ਭਾਰਤ ਦਾ ਮੁਕਾਬਲਾ ਸ਼੍ਰੀਲੰਕਾ ਨਾਲ ਹੋਵੇਗਾ। ਮੈਚ ਅੱਜ ਰਾਤੀਂ 8 ਵਜੇ ਖੇਡਿਆ ਜਾਵੇਗਾ।

## ***ਹੁਣ ਖਬਰਾਂ ਵਿਸਥਾਰ ਨਾਲ***

18ਵਾਂ ਬ੍ਰਿਕਸ ਸਿਖਰ ਸੰਮੇਲਨ ਅੱਜ ਨਵੀਂ ਦਿੱਲੀ ਵਿੱਚ ਖਤਮ ਹੋ ਗਿਆ ਏ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਿਖਰ ਸੰਮਲੇਨ ਦੌਰਾਨ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬ੍ਰਿਕਸ ਦੀ ਵਿਭਿੰਨਤਾ, ਇਸਦੀ ਪਛਾਣ ਤੇ ਸਹਿਯੋਗ, ਇਸਦੀ ਪ੍ਰੇਰਨਾ ਬਣੀ ਰਹਿਣੀ ਚਾਹੀਦੀ ਏ ਤੇ ਇਸਦੀ ਪ੍ਰਗਤੀ ਨੂੰ ਮਾਨਵਤਾ ਦੇ ਹਿੱਤ 'ਚ ਯੋਗਦਾਨ ਪਾਉਣਾ ਚਾਹੀਦਾ ਏ।

ਦੋ-ਰੋਜ਼ਾ ਸਿਖਰ ਸੰਮੇਲਨ ਦੇ ਆਖਰੀ ਦਿਨ ਆਪਣੇ ਸਮਾਪਤੀ ਭਾਸ਼ਣ ਵਿੱਚ, ਸ਼੍ਰੀ ਮੋਦੀ ਨੇ ਕਿਹਾ ਕਿ ਬ੍ਰਿਕਸ ਸਿਰਫ਼ ਦੇਸ਼ਾਂ ਦਾ ਇੱਕ ਸਮੂਹ ਨਹੀਂ, ਸਗੋਂ ਸਮੱਸਿਆਵਾਂ ਹੱਲ ਕਰਨ ਦਾ ਇੱਕ ਮੰਚ ਏ ਅਤੇ ਪਿਛਲੇ ਦੋ ਦਿਨਾਂ ਦੌਰਾਨ, ਹੋਈਆਂ ਚਰਚਾਵਾਂ ਨੇ ਇਸ ਵਿਸ਼ਵਾਸ ਨੂੰ ਹੋਰ ਮਜ਼ਬੂਤ ਕੀਤਾ ਏ।

**BYTE: PM INCLUSIVENESS**

ਲਚਕੀਲੇਪਣ, ਨਵੀਨਤਾ, ਸਹਿਯੋਗ ਅਤੇ ਨਿਰੰਤਰ ਵਿਕਾਸ ਬਾਰੇ ਸੈਸ਼ਨ ਵਿੱਚ, ਸ਼੍ਰੀ ਮੋਦੀ ਨੇ ਉਮੀਦ ਪ੍ਰਗਟਾਈ ਕਿ, ਬ੍ਰਿਕਸ ਸੰਮੇਲਨ ਵਿੱਚ ਅਪਣਾਇਆ ਗਿਆ 'ਨਵੀਂ ਦਿੱਲੀ ਐਲਾਨਨਾਮਾ' ਭਵਿੱਖ ਦੇ ਸਹਿਯੋਗ ਲਈ ਇੱਕ ਸਾਂਝਾ ਦ੍ਰਿਸ਼ਟੀਕੋਣ ਅਤੇ ਸਪੱਸ਼ਟ ਦਿਸ਼ਾ ਪ੍ਰਦਾਨ ਕਰੇਗਾ।

**BYTE: PM CONCLUDING REMARKS**

ਸ਼੍ਰੀ ਮੋਦੀ ਨੇ ਕਿਹਾ ਕਿ ਬ੍ਰਿਕਸ ਆਪਣੇ ਤੀਜੇ ਦਹਾਕੇ ਵਿੱਚ ਦਾਖਲ ਹੋਣ ਵਾਲਾ ਏ। ਦੁਨੀਆ ਹੁਣ ਇਸ ਸਮੂਹ ਤੋਂ ਠੋਸ ਨਤੀਜਿਆਂ ਦੀ ਉਮੀਦ ਕਰਦੀ ਏ। ਉਨ੍ਹਾਂ ਕਿਹਾ ਕਿ ਸਮੂਹਿਕ ਯਤਨਾਂ ਰਾਹੀਂ, ਬ੍ਰਿਕਸ ਨਿਸ਼ਚਤ ਤੌਰ 'ਤੇ ਇਨ੍ਹਾਂ ਉਮੀਦਾਂ 'ਤੇ ਖਰਾ ਉਤਰੇਗਾ। ਪ੍ਰਧਾਨ ਮੰਤਰੀ ਨੇ ਬ੍ਰਿਕਸ ਦੇ ਅਗਲੇ ਚੇਅਰਮੈਨ ਵਜੋਂ ਚੀਨ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਨਵੀਂ ਦਿੱਲੀ ਸੰਮੇਲਨ ਨੂੰ ਸਫਲ ਬਣਾਉਣ ਲਈ, ਸਾਰੇ ਬ੍ਰਿਕਸ ਦੇਸ਼ਾਂ, ਭਾਈਵਾਲ ਦੇਸ਼ਾਂ ਅਤੇ ਉਨ੍ਹਾਂ ਦੀਆਂ ਟੀਮਾਂ ਦੀ ਸ਼ਲਾਘਾ ਕੀਤੀ। ਪ੍ਰਧਾਨ ਮੰਤਰੀ ਨੇ ਨੇਤਾਵਾਂ ਦਾ ਉਨ੍ਹਾਂ ਦੀ ਸਰਗਰਮ ਸ਼ਮੂਲੀਅਤ ਅਤੇ ਕੀਮਤੀ ਯੋਗਦਾਨ ਲਈ ਧੰਨਵਾਦ ਪ੍ਰਗਟ ਕੀਤਾ।

ਇਸ ਤੋਂ ਪਹਿਲਾਂ, ਸਿਖਰ ਸੰਮੇਲਨ ਦੇ ਖੁੱਲ੍ਹੇ ਸੈਸ਼ਨ ਨੂੰ ਸੰਬੋਧਨ ਕਰਦਿਆਂ, ਸ਼੍ਰੀ ਮੋਦੀ ਨੇ ਕਿਹਾ ਕਿ ਮਹਾਂਮਾਰੀਆਂ, ਜਲਵਾਯੂ ਨਾਲ ਸਬੰਧਤ ਆਫ਼ਤਾਂ ਅਤੇ ਸਪਲਾਈ ਲੜੀ ਵਿੱਚ ਵਿਘਨਾਂ ਨੇ, ਦਿਖਾਇਆ ਏ ਕਿ, ਇੱਕ ਆਪਸ ਵਿੱਚ ਜੁੜੇ ਸੰਸਾਰ ਵਿੱਚ, ਕੋਈ ਵੀ ਸੰਕਟ ਇੱਕ ਇਲਾਕੇ ਤੱਕ ਸੀਮਤ ਨਹੀਂ ਏ। ਉਨ੍ਹਾਂ ਕਿਹਾ ਕਿ ਇਸੇ ਲਈ ਬ੍ਰਿਕਸ ਦੇਸ਼ਾਂ ਨੇ ਸਮੂਹ ਦੇ ਅੰਦਰ ਲਚਕੀਲੇਪਣ ਅਤੇ ਸੰਕਟਾਂ ਨਾਲ ਨਿਪਟਣ ਦੀ ਸਮਰੱਥਾ ਵਧਾਉਣ 'ਤੇ ਜ਼ੋਰ ਦਿੱਤਾ ਏ। ਲਚਕੀਲੇਪਣ, ਨਵੀਨਤਾ, ਸਹਿਯੋਗ ਅਤੇ ਸਥਿਰਤਾ ਲਈ ਨਿਰਮਾਣ" ਵਿਸ਼ੇ ਤਹਿਤ ਸੈਸ਼ਨ ਵਿੱਚ, ਪ੍ਰਧਾਨ ਮੰਤਰੀ ਨੇ ਚੁਣੌਤੀਆਂ ਦੀ ਸਮੇਂ ਸਿਰ ਪਛਾਣ ਕਰਨ, ਅਗਾਊਂ ਤਿਆਰੀ ਅਤੇ ਤੁਰੰਤ ਕਾਰਵਾਈ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਛੋਟੇ ਉੱਦਮਾਂ ਨੂੰ ਗਿਆਨ, ਵਿੱਤ ਅਤੇ ਨਵੇਂ ਬਾਜ਼ਾਰਾਂ ਨਾਲ ਜੋੜਨ ਲਈ ਇੱਕ "ਬ੍ਰਿਕਸ-MSME ਸਹਿਯੋਗ ਪੋਰਟਲ" ਸਥਾਪਤ ਕਰਨ ਦੀ ਤਜਵੀਜ਼ ਰੱਖੀ ਗਈ ਏ। ਇਸ ਤੋਂ ਇਲਾਵਾ, ਸ਼ਹਿਰਾਂ ਵਿੱਚ ਸਭ ਤੋਂ ਵਧੀਆ ਅਭਿਆਸਾਂ ਨੂੰ ਸਾਂਝਾ ਕਰਨ ਦੀ ਸਹੂਲਤ ਲਈ ਇੱਕ "ਬ੍ਰਿਕਸ ਅਰਬਨ ਮੋਬਿਲਿਟੀ ਹੱਬ" ਦਾ ਗਠਨ ਕੀਤਾ ਗਿਆ ਏ। ਊਰਜਾ ਭੰਡਾਰ ਲਈ ਇੱਕ "ਬ੍ਰਿਕਸ ਡਿਜੀਟਲ ਸੈਂਟਰ ਆਫ਼ ਐਕਸੀਲੈਂਸ" ਸਥਾਪਤ ਕੀਤਾ ਗਿਆ ਹੈ, ਜੋ ਸਾਫ਼-ਸੁਥਰੀਆਂ ਊਰਜਾ ਪ੍ਰਣਾਲੀਆਂ ਨੂੰ ਵਧੇਰੇ ਭਰੋਸੇਮੰਦ, ਕੁਸ਼ਲ ਅਤੇ ਪਹੁੰਚਯੋਗ ਬਣਾਉਣ ਵਿੱਚ ਮਦਦ ਕਰੇਗਾ। ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਬ੍ਰਿਕਸ ਦੇ ਅੰਦਰ ਵਿਕਸਤ ਹੱਲਾਂ

ਦੇ ਲਾਭਾਂ ਨੂੰ ਗਲੋਬਲ ਸਾਊਥ ਦੀਆਂ ਜ਼ਰੂਰਤਾਂ ਅਨੁਸਾਰ ਢਾਲਿਆ ਅਤੇ ਉਪਲਬਧ ਕਰਵਾਇਆ ਜਾਣਾ ਚਾਹੀਦਾ ਏ।

**BYTE: PM GLOBAL SOUTH**

---------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਬ੍ਰਿਕਸ ਸੰਮੇਲਨ ਦੌਰਾਨ, ਵਿਸ਼ਵ ਨੇਤਾਵਾਂ ਨਾਲ ਕਈ ਦੁਵੱਲੀਆਂ ਮੀਟਿੰਗਾਂ ਕੀਤੀਆਂ।

ਕਜ਼ਾਕਿਸਤਾਨ ਦੇ ਰਾਸ਼ਟਰਪਤੀ ਕਾਸਿਮ-ਜੋਮਾਰਟ ਤੋਕਾਯੇਵ ਨਾਲ ਇੱਕ ਦੁਵੱਲੀ ਮੀਟਿੰਗ ਵਿੱਚ, ਸ਼੍ਰੀ ਮੋਦੀ ਨੇ ਦੁਵੱਲੇ ਸਬੰਧਾਂ ਵਿੱਚ ਪ੍ਰਗਤੀ ਦੀ ਸਮੀਖਿਆ ਕੀਤੀ। ਕਜ਼ਾਕਿਸਤਾਨ ਨਾਲ ਭਾਰਤ ਦੇ ਪ੍ਰਾਚੀਨ ਸੱਭਿਅਤਾਵਾਦੀ ਸਬੰਧਾਂ ਨੂੰ ਯਾਦ ਕਰਦਿਆਂ, ਉਨ੍ਹਾਂ ਨੇ ਹਾਲ ਹੀ ਦੇ ਸਾਲਾਂ ਵਿੱਚ ਦੁਵੱਲੇ ਸਬੰਧਾਂ ਵਿੱਚ ਨਿਰੰਤਰ ਵਾਧੇ 'ਤੇ ਸੰਤੁਸ਼ਟੀ ਪ੍ਰਗਟ ਕੀਤੀ। ਦੋਵਾਂ ਨੇਤਾਵਾਂ ਨੇ ਰਾਜਨੀਤੀ, ਵਪਾਰ, ਰੱਖਿਆ ਅਤੇ ਸੁਰੱਖਿਆ, ਸੰਪਰਕ, ਊਰਜਾ, ਮਹੱਤਵਪੂਰਨ ਖਣਿਜ, ਉੱਭਰਦੀਆਂ ਤਕਨਾਲੋਜੀਆਂ, ਰਚਨਾਤਮਕ ਅਰਥਵਿਵਸਥਾ ਅਤੇ ਲੋਕਾਂ-ਤੋਂ-ਲੋਕਾਂ ਦੇ ਸਬੰਧਾਂ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਹਿਯੋਗ ਦੀ ਸਮੀਖਿਆ ਕੀਤੀ।

ਪ੍ਰਧਾਨ ਮੰਤਰੀ ਨੇ ਮਿਸਰ ਦੇ ਰਾਸ਼ਟਰਪਤੀ ਅਬਦੁਲ ਫਤਿਹ El-Sisi ਨਾਲ ਵੀ ਮੁਲਾਕਾਤ ਕੀਤੀ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਕਿਹਾ ਕਿ ਇਸ ਦੌਰਾਨ, ਖੇਤਰੀ ਘਟਨਾਕ੍ਰਮ ਅਤੇ ਭਾਰਤ-ਮਿਸਰ ਭਾਈਵਾਲੀ ਸਮੇਤ ਕਈ ਮੁੱਦਿਆਂ 'ਤੇ ਚਰਚਾ ਕੀਤੀ ਗਈ।

ਇੰਡੋਨੇਸ਼ੀਆ ਦੇ ਰਾਸ਼ਟਰਪਤੀ ਪ੍ਰਬੋਵੋ ਸੁਬੀਆਂਤੋ ਨਾਲ ਆਪਣੀ ਮੁਲਾਕਾਤ ਵਿੱਚ, ਸ਼੍ਰੀ ਮੋਦੀ ਨੇ ਕਿਹਾ ਕਿ ਦੋਵੇਂ ਦੇਸ਼ ਕਈ ਖੇਤਰਾਂ ਵਿੱਚ ਆਪਣੀ ਭਾਈਵਾਲੀ ਨੂੰ ਮਜ਼ਬੂਤ ਕਰਨਾ ਜਾਰੀ ਰੱਖਣਗੇ। ਉਨ੍ਹਾਂ ਰਾਸ਼ਟਰਪਤੀ ਸੁਬੀਆਂਤੋ ਦੇ ਨਿੱਘੇ ਵਿਵਹਾਰ, ਸਕਾਰਾਤਮਕ ਸੋਚ ਅਤੇ ਆਸ਼ਾਵਾਦੀ ਰਵੱਈਏ ਦੀ ਵੀ ਪ੍ਰਸ਼ੰਸਾ ਕੀਤੀ।

ਸ਼੍ਰੀ ਮੋਦੀ ਨੇ ਫਿਲੀਪੀਨਜ਼ ਦੇ ਰਾਸ਼ਟਰਪਤੀ ਆਰ. ਮਾਰਕੋਸ ਜੂਨੀਅਰ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਨੇ ਮੌਜੂਦਾ ਆਸੀਆਨ ਚੇਅਰਮੈਨ ਵਜੋਂ ਬ੍ਰਿਕਸ ਸੰਮੇਲਨ ਵਿੱਚ ਫਿਲੀਪੀਨਜ਼ ਦੀ ਭਾਗੀਦਾਰੀ ਦਾ ਸਵਾਗਤ ਕੀਤਾ। ਦੋਵਾਂ ਨੇਤਾਵਾਂ ਨੇ ਵੱਖ-ਵੱਖ ਖੇਤਰਾਂ ਵਿੱਚ ਆਪਸੀ ਸਹਿਯੋਗ ਵਿੱਚ ਪ੍ਰਗਤੀ 'ਤੇ ਤਸੱਲੀ ਪ੍ਰਗਟ ਕੀਤੀ।

ਯੂਗਾਂਡਾ ਦੀ ਉਪ ਰਾਸ਼ਟਰਪਤੀ ਜੈਸਿਕਾ ਰੋਜ਼ ਏਪਲ ਅਲੂਪੋ ਨਾਲ ਆਪਣੀ ਮੁਲਾਕਾਤ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਦੁਵੱਲੇ ਸਬੰਧਾਂ ਦਾ ਜਾਇਜ਼ਾ ਲਿਆ ਅਤੇ ਤਕਨਾਲੋਜੀ ਭਾਈਵਾਲੀ, ਸਮਰੱਥਾ ਨਿਰਮਾਣ, ਗਿਆਨ ਸਾਂਝਾਕਰਨ, ਨਿਵੇਸ਼ ਸਹੂਲਤ ਅਤੇ ਨਿੱਜੀ-ਖੇਤਰ ਸਹਿਯੋਗ ਰਾਹੀਂ ਮੁੱਖ ਤਰਜੀਹੀ ਖੇਤਰਾਂ ਵਿੱਚ ਸਹਿਯੋਗ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

ਪ੍ਰਧਾਨ ਮੰਤਰੀ ਨੇ ਦੱਖਣੀ ਅਫਰੀਕਾ ਅਤੇ ਬੁਰੂੰਡੀ ਦੇ ਰਾਸ਼ਟਰਪਤੀਆਂ ਅਤੇ ਨਾਈਜੀਰੀਆ ਦੇ ਉਪ ਰਾਸ਼ਟਰਪਤੀ ਨਾਲ ਵੀ ਦੁਵੱਲੀਆਂ ਮੀਟਿੰਗਾਂ ਕੀਤੀਆਂ।

-------------------------------------------------------

ਵਿਦੇਸ਼ ਮੰਤਰਾਲੇ ਨੇ ਅੱਜ ਕਿਹਾ ਕਿ ਅੱਜ ਨਵੀਂ ਦਿੱਲੀ ਵਿੱਚ ਖਤਮ ਹੋਏ ਬ੍ਰਿਕਸ ਸੰਮੇਲਨ 'ਚ ਕਈ ਠੋਸ ਅਤੇ ਵਿਕਾਸ-ਮੁਖੀ ਨਤੀਜੇ ਨਿਕਲੇ ਨੇ। ਅੱਜ ਦੁਪਹਿਰ ਬਾਅਦ ਨਵੀਂ ਦਿੱਲੀ ਵਿੱਚ ਮੀਡੀਆ ਨੂੰ ਸੰਬੋਧਨ ਕਰਦਿਆਂ, ਮੰਤਰਾਲੇ ਵਿੱਚ ਸਕੱਤਰ, ਸੁਧਾਕਰ ਦਲੇਲਾ ਨੇ ਕਿਹਾ ਕਿ ਵੱਖ-ਵੱਖ ਵਿਸ਼ਿਆਂ 'ਚ ਵਿੱਚ 50 ਤੋਂ ਵੱਧ ਠੋਸ ਨਤੀਜੇ ਪ੍ਰਾਪਤ ਕੀਤੇ ਗਏ ਨੇ. ਉਨ੍ਹਾਂ ਇਸਨੂੰ ਭਾਰਤ ਦੀ ਬ੍ਰਿਕਸ ਪ੍ਰਧਾਨਗੀ ਦੀ ਇੱਕ ਮਹੱਤਵਪੂਰਨ ਪ੍ਰਾਪਤੀ ਦੱਸਿਆ। ਉਨ੍ਹਾਂ ਕਿਹਾ ਕਿ ਬ੍ਰਿਕਸ ਨੇ ਸੰਯੁਕਤ ਰਾਸ਼ਟਰ ਦੇ ਸੁਧਾਰ ਦੀ ਲੋੜ 'ਤੇ ਇੱਕ ਸਥਿਰ ਸਥਿਤੀ ਬਣਾਈ ਰੱਖੀ ਏ, ਅਤੇ ਕਿਹਾ ਕਿ ਭਾਰਤ ਬ੍ਰਿਕਸ ਦੇਸ਼ਾਂ ਨਾਲ ਆਪਣੀ ਸਾਂਝ ਨੂੰ ਹੋਰ ਮਜ਼ਬੂਤ ਕਰਨਾ ਚਾਹੁੰਦਾ ਏ।

-------------------------------------------------------

ਭਾਰਤ ਨੇ ਨੇਪਾਲ ਦੇ ਹੜ੍ਹ ਪ੍ਰਭਾਵਿਤ ਬੇਤ੍ਰਾਵਤੀ ਇਲਾਕੇ ਵਿੱਚ ਆਵਾਜਾਈ ਅਤੇ ਸੰਪਰਕ ਨੂੰ ਬਹਾਲ ਕਰਨ ਲਈ 70 ਮੀਟਰ ਲੰਬੇ ਬੇਲੀ ਪੁਲ ਦੇ

ਹਿੱਸਿਆਂ ਦੀ ਪਹਿਲੀ ਖੇਪ ਭੇਜੀ ਏ। ਨੇਪਾਲ ਵਿੱਚ ਭਾਰਤੀ ਰਾਜਦੂਤ ਨਵੀਨ ਸ਼੍ਰੀਵਾਸਤਵ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਪੁਲ ਦੇ ਹਿੱਸਿਆਂ ਦੀ ਇਹ ਪਹਿਲੀ ਖੇਪ, ਕੱਲ੍ਹ ਹੇਟੌੜਾ ਵਿੱਚ ਨੇਪਾਲ ਦੇ ਸੜਕ ਵਿਭਾਗ ਨੂੰ ਸੌਂਪ ਦਿੱਤੀ ਗਈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪੁਲ ਦੇ ਹਿੱਸਿਆਂ ਦੀਆਂ ਹੋਰ ਖੇਪਾਂ ਉੱਥੇ ਪਹੁੰਚ ਜਾਣਗੀਆਂ। ਇਹ ਸਹਾਇਤਾ 26 ਅਗਸਤ ਨੂੰ ਉੱਤਰੀ ਅਤੇ ਕੇਂਦਰੀ ਨੇਪਾਲ ਵਿੱਚ ਆਏ ਤਬਾਹਕੁੰਨ ਹੜ੍ਹਾਂ ਤੋਂ ਬਾਅਦ, ਭਾਰਤ ਦੀ ਚੱਲ ਰਹੀ ਮਾਨਵਤਾਵਾਦੀ ਸਹਾਇਤਾ ਦਾ ਹਿੱਸਾ ਏ।

ਵਿਦੇਸ਼ ਮੰਤਰਾਲੇ ਦੇ ਅਨੁਸਾਰ, ਭਾਰਤ ਨੇ ਹੁਣ ਤੱਕ 130 ਟਨ ਤੋਂ ਵੱਧ ਰਾਹਤ ਸਮੱਗਰੀ ਅਤੇ ਬਚਾਅ, ਰਾਹਤ ਅਤੇ ਫੋਰੈਂਸਿਕ ਜਾਂਚ ਕਾਰਜਾਂ ਵਿੱਚ ਸਹਾਇਤਾ ਲਈ 54 ਮਾਹਰ ਕਰਮਚਾਰੀ ਨੇਪਾਲ ਭੇਜੇ ਨੇ।

---------------------------------------------------------

ਹਾਕੀ ਵਿੱਚ, ਭਾਰਤ ਦੀਆਂ ਪੁਰਸ਼ ਅਤੇ ਮਹਿਲਾ ਟੀਮਾਂ ਨੇ ਅੱਜ ਚੀਨ ਦੇ ਮੋਕੀ ਵਿੱਚ, ਜੂਨੀਅਰ ਏਸ਼ੀਆ ਕੱਪ ਦੇ ਖਿਤਾਬ ਜਿੱਤ ਲਏ ਨੇ।

ਭਾਰਤੀ ਮਰਦਾਂ ਦੀ ਟੀਮ ਨੇ ਫਾਈਨਲ ਵਿੱਚ ਦੱਖਣੀ ਕੋਰੀਆ ਨੂੰ 4-1 ਨਾਲ ਹਰਾ ਕੇ ਖਿਤਾਬ ਆਪਣੇ ਨਾਂ ਕੀਤਾ।

ਭਾਰਤ ਵੱਲੋਂ ਅਜੀਤ ਯਾਦਵ, ਅਨਮੋਲ ਏਕਾ, ਪ੍ਰਭਦੀਪ ਸਿੰਘ ਅਤੇ ਆਸ਼ੂ ਮੌਰਿਆ ਨੇ ਗੋਲ ਕੀਤੇ। ਇਸ ਜਿੱਤ ਦੇ ਨਾਲ, ਭਾਰਤ ਟੂਰਨਾਮੈਂਟ ਦੇ ਇਤਿਹਾਸ ਵਿੱਚ ਪਹਿਲੀ ਟੀਮ ਬਣ ਗਈ ਜਿਸਨੇ ਲਗਾਤਾਰ ਚਾਰ ਵਾਰ ਮਰਦਾਂ ਦਾ ਖਿਤਾਬ ਜਿੱਤਿਆ। ਇਸ ਤੋਂ ਪਹਿਲਾਂ ਭਾਰਤ ਨੇ 2015, 2023 ਅਤੇ 2024 ਵਿੱਚ ਇਹ ਖਿਤਾਬ ਜਿੱਤਿਆ ਸੀ।

ਭਾਰਤੀ ਮਹਿਲਾ ਟੀਮ ਨੇ ਵੀ ਫਾਈਨਲ ਵਿੱਚ ਮੇਜ਼ਬਾਨ ਚੀਨ ਨੂੰ 1-0 ਨਾਲ ਹਰਾ ਕੇ, ਮਹਿਲਾ ਜੂਨੀਅਰ ਏਸ਼ੀਆ ਕੱਪ ਦਾ ਖਿਤਾਬ ਆਪਣੇ ਨਾਂ ਕੀਤਾ। ਸਾਨਿਕਾ ਚੰਦਰਕਾਂਤ ਮਾਨੇ ਨੇ 17ਵੇਂ ਮਿੰਟ ਵਿੱਚ ਇੱਕੋ-ਇੱਕ ਗੋਲ ਕਰਕੇ, ਭਾਰਤ ਲਈ ਖਿਤਾਬ ਪੱਕਾ ਕੀਤਾ। ਇਸ ਜਿੱਤ ਨਾਲ ਭਾਰਤੀ ਮਹਿਲਾ ਟੀਮ ਨੇ ਜੂਨੀਅਰ ਏਸ਼ੀਆ ਕੱਪ ਖਿਤਾਬਾਂ ਦੀ ਹੈਟ੍ਰਿਕ ਪੂਰੀ ਕੀਤੀ, ਜਿਸ ਨੇ ਪਹਿਲਾਂ 2023 ਅਤੇ 2024 ਵਿੱਚ ਵੀ ਜਿੱਤ ਹਾਸਿਲ ਕੀਤੀ ਸੀ।

---------------------------------------------------------------

ਔਰਤਾਂ ਦੇ Twenty-twenty ਏਸ਼ੀਆ ਕੱਪ ਕ੍ਰਿਕੇਟ ਦੇ ਫਾਈਨਲ ਵਿੱਚ, ਅੱਜ ਭਾਰਤ ਦਾ ਮੁਕਾਬਲਾ ਮੌਜੂਦਾ ਚੈਂਪੀਅਨ ਸ੍ਰੀਲੰਕਾ ਨਾਲ ਹੋਏਗਾ। ਇਹ ਮੈਚ ਭਾਰਤੀ ਸਮੇਂ ਅਨੁਸਾਰ ਰਾਤੀ 8 ਵਜੇ ਸ਼ੁਰੂ ਹੋਵੇਗਾ।

---------------------------------------------------------------

- 18ਵਾਂ ਬ੍ਰਿਕਸ ਸਿਖਰ ਸੰਮੇਲਨ ਅੱਜ ਨਵੀਂ ਦਿੱਲੀ ਵਿੱਚ ਖਤਮ ਹੋ ਗਿਆ ਏ। ਆਪਣੇ ਸਮਾਪਤੀ ਭਾਸ਼ਣ ਵਿੱਚ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ, ਬ੍ਰਿਕਸ ਸਿਰਫ਼ ਦੇਸ਼ਾਂ ਦਾ ਇੱਕ ਸਮੂਹ ਨਹੀਂ, ਸਗੋਂ ਸਮੱਸਿਆਵਾਂ ਹੱਲ ਕਰਨ ਦਾ ਇੱਕ ਮੰਚ ਏ।

- ਸ਼੍ਰੀ ਮੋਦੀ ਨੇ ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ, ਬ੍ਰਿਕਸ ਸਿਖਰ ਸੰਮੇਲਨ ਦੌਰਾਨ, ਕਈ ਵਿਸ਼ਵ ਨੇਤਾਵਾਂ ਨਾਲ ਦੁਵੱਲੀਆਂ ਮੀਟਿੰਗਾਂ ਕੀਤੀਆਂ।

- ਵਿਦੇਸ਼ ਮੰਤਰਾਲੇ ਨੇ ਕਿਹਾ ਏ ਕਿ ਬ੍ਰਿਕਸ ਸਿਖਰ ਸੰਮੇਲਨ ਵਿੱਚ, ਕਈ ਠੋਸ ਅਤੇ ਵਿਕਾਸ-ਮੁਖੀ ਨਤੀਜੇ ਨਿਕਲੇ ਨੇ।

- ਹਾਕੀ ਵਿੱਚ, ਭਾਰਤ ਦੀਆਂ ਪੁਰਸ਼ ਅਤੇ ਮਹਿਲਾ ਟੀਮਾਂ ਨੇ ਅੱਜ ਚੀਨ ਦੇ ਮੋਕੀ ਵਿੱਚ, ਜੂਨੀਅਰ ਏਸ਼ੀਆ ਕੱਪ ਦੇ ਖਿਤਾਬ ਜਿੱਤ ਲਏ ਨੇ।

- ਔਰਤਾਂ ਦੇ Twenty-twenty ਏਸ਼ੀਆ ਕੱਪ ਕ੍ਰਿਕੇਟ ਦੇ ਫਾਈਨਲ ਵਿੱਚ, ਅੱਜ ਭਾਰਤ ਦਾ ਮੁਕਾਬਲਾ ਸ਼੍ਰੀਲੰਕਾ ਨਾਲ ਹੋਵੇਗਾ। ਮੈਚ ਅੱਜ ਰਾਤੀਂ 8 ਵਜੇ ਖੇਡਿਆ ਜਾਵੇਗਾ।

---

ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਰਾਸ਼ਟਰੀ ਖ਼ਬਰਾਂ ਦਾ ਬੁਲੇਟਿਨ, ਭਲਕੇ ਸਵੇਰੇ ਸਾਢੇ 8 ਵਜੇ ਹੋਏਗਾ। ਨਮਸਕਾਰ!